ੴ।

## ਵਿਸ਼ੈਗਤ ਅਧਿਐਨ

'ਆਸਾ ਕੀ ਵਾਰ' ਦਾ ਵਿਸ਼ੈਗਤ ਅਧਿਐਨ ਇਸ ਪ੍ਰਕਾਰ ਹੈ :-

**ਸੱਚ ਤੇ ਕੂੜ ਦਾ ਸੰਕਲਪ** :- ਸੱਚ ਤੇ ਕੂੜ ਦੋ ਵਿਰੋਧੀ ਸੰਕਲਪ ਹਨ। ਇਕ ਦੂਜੇ ਦੇ ਵਿਰੋਧੀ ਹੋਣ ਕਾਰਨ ਇਹਨਾਂ ਵਿਚ ਸੰਘਰਸ਼ ਹੋਣਾ ਸੁਭਾਵਿਕ ਹੀ ਹੈ। ਸੱਚ ਅਤੇ ਕੂੜ ਦਾ ਸੰਘਰਸ਼ 'ਆਸਾ ਦੀ ਵਾਰ' ਵਿਚ ਵਿਖਾਇਆ ਗਿਆ ਹੈ। ਕੂੜ ਨੂੰ ਬੁਰਾ ਕਿਹਾ ਗਿਆ ਹੈ ਅਤੇ ਸੱਚ ਦੀ ਹਮਾਇਤ ਕੀਤੀ ਗਈ। ਇਸ ਗੱਲ ਦਾ ਉਪਦੇਸ਼ ਕੀਤਾ ਗਿਆ ਹੈ ਕਿ ਮਨੁੱਖ ਨੂੰ ਸੱਚ ਦੇ ਮਾਰਗ ਤੇ ਚਲਣਾ ਚਾਹੀਦਾ ਹੈ ਤੇ ਕੂੜ ਦੇ ਮਾਰਗ ਤੋਂ ਬਚਣਾ ਚਾਹੀਦਾ ਹੈ।

**ਸੱਚ** :- ਗੁਰੂ ਜੀ ਨੇ 'ਸੱਚ' ਸ਼ਬਦ ਦੀ ਵਰਤੋਂ ਕਈ ਪ੍ਰਸੰਗਾਂ ਵਿਚ ਕੀਤੀ ਹੈ। ਸੱਚ-ਸ਼ਬਦ ਦਾ ਪ੍ਰਯੋਗ 'ਅਸਲੀਅਤ' ਸੱਚਾਈ, ਅਸਲੀਅਤ ਆਦਿ ਅਰਥਾਂ ਵਿਚ ਅਭਿਵਿਅਕਤ ਕੀਤਾ ਮਿਲਦਾ ਹੈ। ਗੁਰੂ ਜੀ ਅਨੁਸਾਰ, ਜਗਤ ਦੀ ਅਸਲੀਅਤ ਦੀ ਤਹਿ ਦੀ ਸਮਝ ਜ਼ਰੂਰੀ ਹੈ, ਜਦੋਂ ਤਕ ਅਸਲੀ ਹੋਂਦ ਵਾਲਾ ਕਰਤਾਰ ਮਨੁੱਖ ਦੇ ਹਿਰਦੇ ਵਿੱਚ ਟਿਕ ਜਾਏ, ਪਰ ਸੱਚ ਦੀ ਪ੍ਰਾਪਤੀ ਤਦ ਹੀ ਹੁੰਦੀ ਹੈ ਜਦੋਂ ਚੰਗਾ ਗੁਰੂ ਪਾਸੋਂ ਸੱਚੀ ਸਿੱਖਿਆ ਲਏ, ਸਭ ਜੀਵਾਂ ਉੱਤੇ ਤਰਸ ਕਰਨ ਦੀ ਜਾਚ ਸਿਖ ਲਏ ਅਤੇ ਲੋੜਵੰਦਾਂ ਨੂੰ ਕੁਝ ਪੁੰਨ-ਦਾਨ ਕਰੇ। ਇਸੇ ਤਰ੍ਹਾਂ ਸੱਚ ਦੀ ਪਰਖ ਤਦ ਹੀ ਹੁੰਦੀ ਹੈ ਜਦੋਂ ਮਨੁੱਖ ਬਾਹਰਲੇ ਤੀਰਥਾਂ ਤੇ ਭਟਕਣ ਦੀ ਥਾਂ ਆਪਣੇ ਅੰਦਰ ਆਤਮੇ, ਤੀਰਥਾਂ ਉੱਤੇ ਟਿਕੇ, ਸੱਚੇ ਗੁਰੂ ਪਾਸੋਂ ਉਪਦੇਸ਼ ਲੈ ਕੇ ਉਸ ਅੰਦਰਲੇ ਤੀਰਥ ਉੱਤੇ ਟਿਕ ਕੇ ਬੈਠਾ ਰਹੇ, ਉੱਥੇ ਹੀ ਸਦਾ ਨਿਵਾਸ ਰੱਖੇ।

ਸੱਚ ਉਸ ਜੀਵ ਵਿਚ ਪ੍ਰਗਟ ਹੋ ਗਿਆ ਸਮਝੋ ਜਿਸ ਜੀਵ ਨੇ ਗੁਰੂ ਦੀ ਸੱਚੀ ਸਿੱਖਿਆ ਲੈ ਲਈ ਹੈ, ਜੋ ਦੂਜੇ ਜੀਵਾਂ ਉੱਪਰ ਦਇਆ ਕਰਨ ਲੱਗ ਪਿਆ ਹੈ ਅਤੇ ਕੁਝ ਦਾਨ-ਪੁੰਨ ਵੀ ਕਰਨ ਲੱਗ ਪਿਆ ਹੈ।

ਗੁਰੂ ਜੀ ਅਨੁਸਾਰ ਸੱਚ ਉਸ ਜੀਵ ਵਿਚ ਜ਼ਾਹਰ ਹੋ ਗਿਆ ਸਮਝੋ ਜਿਸ ਵਿਅਕਤੀ ਨੇ ਆਪਣੇ ਮਨ ਨੂੰ ਆਤਮਾ ਰੂਪੀ ਤੀਰਥ ਉੱਤੇ ਵਸਾ ਲਿਆ ਹੈ ਅਤੇ ਜੋ ਆਪਣੇ ਸਤਿਗੁਰੂ ਦੀ ਸਿੱਖਿਆ ਅਨੁਸਾਰ ਉਸ ਆਤਮਕ ਤੀਰਥ ਉੱਤੇ ਹੀ ਬੈਠਾ ਰਹਿੰਦਾ ਹੈ, ਸਗੋਂ ਉੱਥੇ ਹੀ ਵਸਦਾ ਹੈ। ਸੱਚ ਸਾਰੀਆਂ ਬੁਰਾਈਆਂ ਦਾ ਇਲਾਜ ਹੈ। ਸੱਚ (ਪ੍ਰਭੂ) ਜੀਵ ਵਿਚੋਂ ਹਉਮੈਂ ਦੀ ਮੈਲ ਧੋ ਕੇ ਬਾਹਰ ਕੱਢ ਦਿੰਦਾ ਹੈ।

ਕੂੜ / ਝੂਠ :- ਇਸ ਤੁਕ 'ਕੂੜ' ਸ਼ਬਦ ਦੀ ਵਰਤੋਂ ਝੂਠ, ਛਲ, ਕਪਟ ਆਦਿ ਅਰਥਾਂ ਵਿਚ ਹੋਈ ਹੈ। ਗੁਰੂ ਜੀ ਅਨੁਸਾਰ ਇਹ ਸਾਰਾ ਸੰਸਾਰ ਝੂਠਾ ਤੇ ਨਾਸ਼ਵਾਨ ਹੈ। ਇਸ ਵਿਚਲੇ ਰਾਜਾ ਅਤੇ ਪਰਜਾ ਵੀ ਸਭ ਛਲ ਰੂਪ ਵਿਚ ਹਨ। ਸਾਰੇ ਮਹਿਲ - ਮਾੜੀਆਂ ਵੀ ਛਲ ਹਨ। ਸੋਨਾ, ਚਾਂਦੀ ਅਤੇ ਇਨ੍ਹਾਂ ਨੂੰ ਪਹਿਨਣ ਵਾਲਾ ਵੀ ਛਲ ਰੂਪ ਹਨ। ਇੱਥੇ ਇਸ ਦੇ ਛਲ ਵਿਚ ਫਸੇ ਹੋਏ ਮਨੁੱਖ ਦਾ ਇਸ ਛਲ ਵਿਚ ਮੋਹ ਪੈ ਗਿਆ ਹੈ ਅਤੇ ਇਸ ਨੂੰ ਆਪਣਾ ਪੈਦਾ ਕਰਨ ਵਾਲਾ ਕਰਤਾਰ ਭੁੱਲ ਗਿਆ ਹੈ। ਕਿਉਂਕਿ ਇਹ ਛਲ-ਰੂਪੀ ਸੰਸਾਰ ਸਾਰੇ ਜੀਵਾਂ ਨੂੰ ਸ਼ਹਿਦ ਵਾਂਗ ਮਿੱਠਾ ਲੱਗ ਰਿਹਾ ਹੈ ਅਤੇ ਇਸ ਤਰ੍ਹਾਂ ਇਹ ਸਾਰੇ ਜੀਵਾਂ ਦੇ ਪੂਰਾਂ ਦੇ ਪੂਰ ਡੋਬ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਵਿਚ ਪਰਮਾਤਮਾ ਤੋਂ ਬਿਨਾ ਸਾਰਾ ਕੁਝ ਛਲ ਜਾਂ ਕੂੜ ਹੀ ਹੈ।

(2) ਗੁਰਮੁੱਖ ਦਾ ਸੰਕਲਪ / ਗੁਰਮੁਖ ਅਤੇ ਮਨਮੁੱਖ ਵਿਚ ਅੰਤਰ :-

ਗੁਰਮਤਿ ਅਨੁਸਾਰ ਗੁਰਮੁਖ ਉਹ ਹੈ ਜੋ ਗੁਰੂ ਦੇ ਦਰਸਾਏ ਰਸਤੇ ਤੇ ਚੱਲਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ "ਇਹ ਇਕ ਅਧਿਆਤਮਕ ਪਦਵੀ ਹੈ। ਇਸ ਪਦਵੀ ਨਾਲ ਉਹ ਵਿਅਕਤੀ ਸੰਬੋਧਿਤ ਹੁੰਦਾ ਹੈ ਜੋ ਆਪਣਾ ਜੀਵਨ ਗੁਰੂ ਦੀ ਸਿੱਖਿਆ ਅਨੁਕੂਲ ਢਾਲਦਾ ਹੈ। ਗੁਰੂ ਦਾ ਮਤ ਤੇ ਦਰਸ਼ਨ ਅਤੇ ਪ੍ਰਸੰਗ ਕਰਕੇ ਮਨੁੱਖ ਨੂੰ ਦੇਵਤਵ ਪ੍ਰਦਾਨ ਕਰਦਾ ਹੈ। ਇਹ ਦੇਵਤਵ ਹੀ ਗੁਰਮੁਖਤਾ ਹੈ।

ਗੁਰਮੁਖ ਵਿਅਕਤੀ ਸਤਿਗੁਰੂ ਦੇ ਰਾਹ ਤੇ ਤੁਰਨ ਵਾਲਾ ਹੁੰਦਾ ਹੈ। ਉਹ ਅਕਾਲ ਪੁਰਖ ਨੂੰ ਹਰ ਥਾਂ ਵੇਖਦਾ ਹੈ ਅਤੇ ਆਪਣੇ ਹਿਰਦੇ ਵਿਚ ਵਸਾਉਂਦਾ ਹੈ ਅਤੇ ਉਸ ਤੋਂ ਬਿਨਾਂ ਸਾਰੇ ਸੰਸਾਰ ਉਸ ਨੂੰ ਨਾਸ਼ਵਾਨ ਦਿਸਦਾ ਹੈ। ਗੁਰਮਤਿ ਅਨੁਸਾਰ, ਕੋਈ ਟਾਂਵਾਂ ਜੀਵ ਹੀ ਪ੍ਰਭੂ ਦੀ ਪਛਾਣ ਕਰਦਾ ਹੈ ਤੇ ਉਹ ਉਸ ਵਿਚ ਸੁਰਤਿ ਟਿਕਾ ਕੇ ਜੀਵਨ ਜਿਉਂਦਾ ਹੈ। ਅਜਿਹੇ ਗੁਰਮੁਖ ਸਦੀਵੀ ਸੁੱਖ ਮਾਣਦੇ ਹਨ।"

ਗੁਰਮੁਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ। ਉਹ ਆਪਣੇ ਮਨ ਨੂੰ ਪਰਮੇਸ਼ਰ ਦੀ ਪਵਿੱਤਰ ਸਿਮਰਨ ਯਾਦ ਵਿਚ ਜੋੜੀ ਰੱਖਦਾ ਹੈ। ਇਸ ਜਗਤ ਵਿੱਚ ਮੰਦੇ ਕਰਮਾਂ ਦੇ ਬੰਧਨ ਨਹੀਂ ਸਹੇੜਦਾ। ਸੱਚਾ ਆਚਰਣ ਹੀ ਉਸ ਲਈ ਤੀਰਥਾਂ ਦਾ ਇਸ਼ਨਾਨ ਹੈ। ਗੁਰੂ ਦੇ ਸ਼ਬਦ ਦੀ ਓਟ ਲੈ ਕੇ ਉਹ ਵਿਕਾਰਾਂ ਦੀਆਂ ਲਹਿਰਾਂ ਵਿਚੋਂ ਬਚ ਨਿਕਲਦਾ ਹੈ। ਦੂਜੇ ਪਾਸੇ ਮਨੁੱਖ ਆਪਣੇ ਚੰਚਲ ਮਨ ਦੀ ਅਗਵਾਈ ਵਿੱਚ ਮਾੜੇ ਕਾਰਜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ ਜਾਂ ਇਉਂ ਕਹੋ ਕਿ ਜਿਹੜੇ ਜੀਵ ਆਪਣੇ ਮਨ ਦੇ ਗੁਲਾਮ ਹਨ ਉਹ ਮਨਮੁਖ ਹੁੰਦੇ ਹਨ। ਅਜਿਹੇ ਜੀਵ ਹਮੇਸ਼ਾ ਹੀ ਜੀਵਨ ਦੀ ਬਾਜ਼ੀ ਹਾਰਦੇ ਹਨ। ਭਾਈ ਕਾਹਨ ਸਿੰਘ ਨਾਭਾ ਅਨੁਸਾਰ, ਮਨਮੁਖ ਉਹ ਵਿਅਕਤੀ ਹੁੰਦਾ ਹੈ ਜਿਸ ਨੇ ਆਪਣੇ ਮਨ ਨੂੰ ਹੀ ਮੁੱਖ ਮੰਨਿਆ ਹੈ ਜਾਂ ਮਨਮਤਿ ਧਾਰਨ ਵਾਲਾ ਵਿਅਕਤੀ ਹੈ।

Scanned with CamScanner

(3) **ਹੁਕਮ ਦਾ ਸੰਕਲਪ :-** ਨਾਮ ਸਿਮਰਨਾ, ਸੇਵਾ ਕਰਨੀ, ਕੀਰਤਨ ਸੁਣਨਾ ਵਾਂਗ ਹੁਕਮ ਨੂੰ ਮੰਨਣਾ ਵੀ ਗੁਰਬਾਣੀ ਦੇ ਪ੍ਰਮੁੱਖ ਸਿਧਾਂਤਾਂ ਵਿੱਚੋਂ ਇੱਕ ਹੈ। ਸਭ ਤੋਂ ਪਹਿਲਾਂ ਅਸੀਂ ਵੇਖਾਂਗੇ ਕਿ ਹੁਕਮ ਕੀ ਹੈ?

**ਹੁਕਮ :-** ਹੁਕਮ ਕੀ ਹੈ? ਇਹ ਰੱਬੀ ਇੱਛਾ ਹੀ ਹੈ। ਸਾਡਾ ਸਾਰਾ ਜੀਵਨ ਹੁਕਮ ਅਤੇ ਹਉਮੈ ਦੀ ਟੱਕਰ ਹੈ। ਪ੍ਰੋ. ਪਿਆਰਾ ਸਿੰਘ ਪਦਮ ਦਾ ਮਤ ਹੈ ਕਿ, ਨਵੀਂ ਸ਼ਬਦਾਵਲੀ ਵਿਚ ਆਖੀਏ ਤਾਂ ਇਉਂ ਕਹਾਂਗੇ ਕਿ ਹੁਕਮ ਸਰਬ-ਵਿਆਪਕ ਵਿਸ਼ਵਾਸੀ ਇੱਛਾ ਹੈ ਤੇ ਹਉਮੈ ਨਿੱਜੀ ਜਿਹੀ ਮਨਮਰਜ਼ੀ ਇੱਛਾ। ਇਸੇ ਕਰਕੇ ਆਪੇ ਤੋਂ ਵੱਧ ਜਪੁ ਵਿਚ ਖਾਸ ਕਰਕੇ 1 ਤੋਂ 37 ਪਉੜੀ ਤੱਕ ਹੁਕਮ ਜਾਂ ਨਾਮ ਦੀ ਵਡਿਆਈ ਅਤੇ ਵੱਡੀ ਕਰਕੇ ਦੱਸੀ ਗਈ ਹੈ ਤਾਂ ਕਿ ਉਸ ਨੂੰ ਵੇਖ ਕੇ ਹਉਮੈ ਦਾ ਕੱਦ ਆਪਣੇ-ਆਪ ਛੋਟਾ ਹੁੰਦਾ ਜਾਵੇ। ਗੁਰੂ ਸਾਹਿਬ ਇਸੇ ਰਜ਼ਾ ਅਧੀਨ ਹੋਣ ਨੂੰ ਹੀ ਮੋਕਸ਼ਟਾਚਾਰ ਜਾਂ ਪਰਮ ਕਹਿੰਦੇ ਹਨ। ਇਹੋ ਵਾਰ-ਵਾਰ ਦ੍ਰਿੜ੍ਹ ਕਰਵਾਇਆ ਗਿਆ ਹੈ :-

ਸੋ ਤੁਧੁ ਭਾਵੈ ਸਾਈ ਭਲੀ ਕਾਰ।

"ਆਸਾ ਦੀ ਵਾਰ" ਵਿਚ ਵੀ ਹੁਕਮ ਦਾ ਬਹੁਤ ਮਹੱਤਵ ਮੰਨਿਆ ਗਿਆ ਹੈ। ਇਸ ਹੁਕਮ ਨੂੰ ਸਮਝਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੈ। ਡਾ. ਕਰਤਾਰ ਸਿੰਘ ਸੂਰੀ ਨਾਲ ਸਾਡੀ ਸਹਿਮਤੀ ਹੈ ਜਦੋਂ ਉਹ ਲਿਖਦੇ ਹਨ ਕਿ ਗੁਰਮਤਿ ਵਿਚ ਹੁਕਮ ਦਾ ਬੜਾ ਮਹੱਤਵ ਮੰਨਿਆ ਗਿਆ ਹੈ। ਸੰਸਾਰ ਦੀ ਸਾਰੀ ਰਚਨਾ ਉਸ ਦੇ ਹੁਕਮ ਨਾਲ ਹੋਈ ਹੈ ਤੇ ਇਸ ਦਾ ਸਾਰਾ ਵਿਧਾਨ ਉਸ ਦੇ ਹੁਕਮ ਨਾਲ ਚਲਿਆ ਹੈ। 'ਜਪੁ ਜੀ' ਵਿਚ ਇਸ ਹੁਕਮ ਦੇ ਸਿਧਾਂਤ ਨੂੰ ਗੁਰੂ ਨਾਨਕ ਨੇ ਬੜੀ ਸਪਸ਼ਟਤਾ ਨਾਲ ਪ੍ਰਗਟਾਇਆ ਹੈ। ਉਸ ਦੇ ਹੁਕਮ ਨੂੰ ਸਮਝਣਾ ਬੜਾ ਕਠਿਨ ਹੈ, ਪਰ ਜਿਹੜਾ ਮਨੁੱਖ ਇਸ ਹੁਕਮ ਨੂੰ ਸਮਝ ਲੈਂਦਾ ਹੈ ਉਹ ਹਉਮੈ ਤੋਂ ਮੁਕਤ ਹੋ ਜਾਂਦਾ ਹੈ, ਉਸ ਵਿਚ ਨਿਮਰਤਾ ਤੇ ਕੋਮਲਤਾ ਦਾ ਪ੍ਰਵੇਸ਼ ਹੋ ਜਾਂਦਾ ਹੈ, ਕਿਉਂਕਿ ਉਹ ਮਨੁੱਖ ਜਾਣ ਜਾਂਦਾ ਹੈ ਕਿ ਸਾਰੀ ਸ੍ਰਿਸ਼ਟੀ ਹੀ ਉਸ ਦੇ 'ਹੁਕਮ' ਵਿਚ 'ਬੱਝੀ ਹੋਈ' ਹੈ, ਹੁਕਮ ਤੋਂ ਬਾਹਰ ਕੋਈ ਨਹੀਂ। ਕੇਵਲ ਉਹ ਪਰਮਾਤਮਾ ਆਪ ਹੀ ਇਸ ਤੋਂ ਸੁਤੰਤਰ ਹੈ। ਪ੍ਰਭੂ ਦੇ ਹੁਕਮ ਨੂੰ ਮੰਨਣਾ, ਉਸ ਦੀ ਰਜ਼ਾ ਵਿਚ ਚੱਲਣਾ ਹੀ ਸੱਚ ਦੀ ਪ੍ਰਾਪਤੀ ਦਾ ਮਾਰਗ ਹੈ। ਸਾਇਆ

Scanned with CamScanner

ਦੇ ਕੂੜ ਦਾ ਪਰਦਾ ਤਾਂ ਹੀ ਹਟਦਾ ਹੈ ਤੇ ਸਚਿਆਰਾ ਪਦ ਦੀ ਪ੍ਰਾਪਤੀ ਹੋ ਸਕਦੀ ਹੈ, ਜੇ ਉਸ ਦੇ ਹੁਕਮ ਅਧੀਨ ਜੀਵਨ ਨੂੰ ਢਾਲਿਆ ਜਾਵੇ। ਇਸੇ ਖਿਆਲ ਨੂੰ ਗੁਰੂ ਸਾਹਿਬ ਨੇ ਆਸਾ ਦੀ ਵਾਰ ਵਿਚ ਵੱਖ-ਵੱਖ ਢੰਗਾਂ ਨਾਲ ਪ੍ਰਗਟ ਕੀਤਾ ਹੈ।

(4)

Scanned with CamScanner